MACMILLAN CANCER SUPPORT

Claiming benefits when you have cancer: Punjabi

# ਤੁਹਾਨੂੰ ਕੈਂਸਰ ਹੋਣ ’ਤੇ ਬੈਨਿਫ਼ਿਟਸ (ਲਾਭਾਂ) ਲਈ ਕਲੇਮ ਕਰਨਾ

ਇਹ ਜਾਣਕਾਰੀ ਤੁਹਾਨੂੰ ਕੈਂਸਰ ਹੋਣ ’ਤੇ ਬੈਨਿਫ਼ਿਟਸ (ਲਾਭਾਂ) ਨੂੰ ਕਲੇਮ ਕਰਨ ਬਾਰੇ ਹੈ।

ਜੇ ਇਸ ਜਾਣਕਾਰੀ ਬਾਰੇ ਤੁਹਾਡੇ ਕੋਈ ਵੀ ਸਵਾਲ ਹਨ ਤਾਂ ਤੁਸੀਂ ਮੈਕਮਿਲਨ ਕੈਂਸਰ ਸਪੋਰਟ (Macmillan Cancer Support) ਨੂੰ **0808 808 00 00** 'ਤੇ, ਹਫ਼ਤੇ ਦੇ 7 ਦਿਨ, ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਕਾਲ ਕਰ ਸਕਦੇ ਹੋ। ਸਾਡੇ ਕੋਲ ਦੁਭਾਸ਼ੀਏ ਹਨ, ਇਸ ਲਈ ਤੁਸੀਂ ਸਾਡੇ ਨਾਲ ਆਪਣੀ ਖੁਦ ਦੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ। ਜਦੋਂ ਤੁਸੀਂ ਸਾਨੂੰ ਕਾਲ ਕਰੋ, ਤਾਂ ਕਿਰਪਾ ਕਰਕੇ ਸਾਨੂੰ ਅੰਗ੍ਰੇਜ਼ੀ ਵਿੱਚ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਦੀ ਲੋੜ ਹੈ।

ਵੈੱਬਸਾਈਟ **macmillan.org.uk/translations** 'ਤੇ ਹੋਰਨਾਂ ਭਾਸ਼ਾਵਾਂ ਵਿੱਚ ਕੈਂਸਰ ਬਾਰੇ ਵਧੇਰੇ ਜਾਣਕਾਰੀ ਉਪਲਬਧ ਹੈ।

## ਇਹ ਜਾਣਕਾਰੀ ਹੇਠ ਲਿਖਿਆਂ ਬਾਰੇ ਹੈ:

- ਬੈਨਿਫ਼ਿਟਸ (ਲਾਭ) ਕੀ ਹੁੰਦੇ ਹਨ?
- ਜੇ ਤੁਸੀਂ ਯੂਕੇ ਵਿੱਚ ਪੈਦਾ ਨਹੀਂ ਹੋਏ ਸੀ
- ਜੇ ਤੁਹਾਨੂੰ ਦੇਖਭਾਲ ਜਾਂ ਤੁਰਨ-ਫਿਰਨ ਵਿੱਚ ਮਦਦ ਦੀ ਲੋੜ ਹੈ
- ਜੇ ਤੁਸੀਂ ਕੰਮ ਨਹੀਂ ਕਰ ਸਕਦੇ ਹੋ ਜਾਂ ਤੁਹਾਡੀ ਆਮਦਨੀ ਘੱਟ ਹੈ
- ਜੇ ਤੁਸੀਂ ਕੈਂਸਰ ਪੀੜਤ ਕਿਸੇ ਵਿਅਕਤੀ ਦੀ ਦੇਖਭਾਲ ਕਰਦੇ ਹੋ
- ਰਿਹਾਇਸ਼ ਦੀਆਂ ਲਾਗਤਾਂ ਵਿੱਚ ਮਦਦ
- ਜੇ ਤੁਹਾਡੀ ਪੈਨਸ਼ਨ ਵਾਲੀ ਉਮਰ ਹੈ
- ਅੱਗੇ ਕੀ ਕਰਨਾ ਹੈ
- ਮੈਕਮਿਲਨ (Macmillan) ਕਿਵੇਂ ਮਦਦ ਕਰ ਸਕਦੀ ਹੈ
- ਤੁਹਾਡੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ
- ਹਵਾਲੇ ਅਤੇ ਧੰਨਵਾਦ

## ਬੈਨਿਫ਼ਿਟਸ (ਲਾਭ) ਕੀ ਹੁੰਦੇ ਹਨ?

ਬੈਨਿਫ਼ਿਟਸ (ਲਾਭ) ਉਹ ਭੁਗਤਾਨ ਹੁੰਦੇ ਹਨ ਜੋ ਸਰਕਾਰ ਉਨ੍ਹਾਂ ਲੋਕਾਂ ਨੂੰ ਦਿੰਦੀ ਹੈ ਜਿਨ੍ਹਾਂ ਨੂੰ ਰਹਿਣ-ਸਹਿਣ ਦੇ ਖਰਚੇ ਵਿੱਚ ਮਦਦ ਦੀ ਲੋੜ ਹੁੰਦੀ ਹੈ। ਜਦੋਂ ਤੁਹਾਨੂੰ ਕੈਂਸਰ ਹੁੰਦਾ ਹੈ, ਤਾਂ ਤੁਸੀਂ ਬੈਨਿਫ਼ਿਟਸ (ਲਾਭ) ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ ਜੇ:

- ਤੁਸੀਂ ਬਿਮਾਰ ਹੋ
- ਤੁਹਾਨੂੰ ਕੋਈ ਅਪਾਹਜਤਾ ਹੈ
- ਤੁਹਾਡੀ ਆਮਦਨੀ ਘੱਟ ਹੈ
- ਤੁਸੀਂ ਕਿਸੇ ਦੀ ਦੇਖਭਾਲ ਕਰ ਰਹੇ ਹੋ।

ਬੈਨਿਫ਼ਿਟਸ (ਲਾਭ) ਕਈ ਵੱਖ-ਵੱਖ ਤਰ੍ਹਾਂ ਦੇ ਹੁੰਦੇ ਹਨ। ਇਸ ਤੱਥ ਸ਼ੀਟ ਵਿੱਚ, ਅਸੀਂ ਕੁਝ ਆਮ ਬੈਨਿਫ਼ਿਟਸ (ਲਾਭਾਂ) ਬਾਰੇ ਦੱਸਿਆ ਹੈ।

## ਜੇ ਤੁਸੀਂ ਯੂਕੇ ਵਿੱਚ ਪੈਦਾ ਨਹੀਂ ਹੋਏ ਸੀ

ਹੋ ਸਕਦਾ ਹੈ ਕਿ ਤੁਸੀਂ ਕੁਝ ਬੈਨਿਫ਼ਿਟਸ (ਲਾਭ) ਪ੍ਰਾਪਤ ਕਰਨ ਦੇ ਯੋਗ ਨਾ ਹੋਵੋ, ਜੇ:

- ਤੁਸੀਂ ਕਿਸੇ ਦੂਜੇ ਦੇਸ਼ ਤੋਂ ਯੂਕੇ ਵਿੱਚ ਰਹਿਣ ਜਾਂ ਕੰਮ ਕਰਨ ਲਈ ਆਏ ਹੋ
- ਸ਼ਰਨ ਮੰਗਣ ਵਾਲੇ ਹੋ।

ਇਹਨਾਂ ਨਿਯਮਾਂ ਨੂੰ ਸਮਝਣਾ ਔਖਾ ਹੋ ਸਕਦਾ ਹੈ ਅਤੇ ਇਹ ਇਸ ਗੱਲ 'ਤੇ ਨਿਰਭਰ ਕਰ ਸਕਦਾ ਹੈ ਕਿ ਤੁਸੀਂ ਅਤੇ ਤੁਹਾਡਾ ਪਰਿਵਾਰ ਕਿਸ ਦੇਸ਼ ਤੋਂ ਹੋ। ਤੁਸੀਂ **0808 808 00 00** 'ਤੇ ਮੈਕਮਿਲਨ (Macmillan) ਨੂੰ ਕਾਲ ਕਰ ਸਕਦੇ ਹੋ ਅਤੇ ਸਲਾਹ ਲੈਣ ਲਈ ਭਲਾਈ ਅਧਿਕਾਰਾਂ ਬਾਰੇ ਸਾਡੇ ਕਿਸੇ ਸਲਾਹਕਾਰ (welfare rights adviser) ਨਾਲ ਗੱਲ ਕਰ ਸਕਦੇ ਹੋ।

## ਜੇ ਤੁਹਾਨੂੰ ਦੇਖਭਾਲ ਜਾਂ ਤੁਰਨ-ਫਿਰਨ ਵਿੱਚ ਮਦਦ ਦੀ ਲੋੜ ਹੈ

ਜੇ ਤੁਹਾਡੀ ਉਮਰ ਸਟੇਟ ਪੈਨਸ਼ਨ ਦੀ ਉਮਰ ਤੋਂ ਵੱਧ ਜਾਂ ਘੱਟ ਹੈ ਤਾਂ ਤੁਸੀਂ ਜਿਹੜੇ ਬੈਨਿਫ਼ਿਟਸ (ਲਾਭਾਂ) ਨੂੰ ਕਲੇਮ ਕਰ ਸਕਦੇ ਹੋ, ਉਹ ਵੱਖਰੇ ਹੋਣਗੇ। ਇਹ ਉਮਰ ਤੁਹਾਡੀ ਜਨਮ ਤਾਰੀਖ 'ਤੇ ਨਿਰਭਰ ਕਰਦੀ ਹੈ। ਤੁਸੀਂ **gov.uk/state-pension-age** 'ਤੇ ਆਪਣੀ ਸਟੇਟ ਪੈਨਸ਼ਨ ਦੀ ਉਮਰ ਦਾ ਪਤਾ ਲਗਾ ਸਕਦੇ ਹੋ।

- **ਨਿੱਜੀ ਸੁਤੰਤਰਤਾ ਭੁਗਤਾਨ (Personal Independence Payment)** 16 ਸਾਲ ਦੀ ਉਮਰ ਤੋਂ ਲੈ ਕੇ ਸਟੇਟ ਪੈਨਸ਼ਨ ਦੀ ਉਮਰ ਦੇ ਉਹਨਾਂ ਲੋਕਾਂ ਲਈ ਹੁੰਦਾ ਹੈ ਜਿਨ੍ਹਾਂ ਨੂੰ ਰੋਜ਼ਮਰ੍ਹਾ ਦੇ ਰਹਿਣ-ਸਹਿਣ ਜਾਂ ਘੁੰਮਣ-ਫਿਰਨ ਵਿੱਚ ਸਮੱਸਿਆਵਾਂ ਹੁੰਦੀਆਂ ਹਨ। ਇਹ ਜ਼ਰੂਰੀ ਹੈ ਕਿ ਤੁਹਾਨੂੰ ਇਹ ਸਮੱਸਿਆਵਾਂ ਘੱਟੋ-ਘੱਟ 3 ਮਹੀਨਿਆਂ ਲਈ ਹੋਈਆਂ ਹੋਣ। ਇਹ ਜ਼ਰੂਰੀ ਹੈ ਕਿ ਤੁਹਾਨੂੰ ਇਨ੍ਹਾਂ ਦੇ ਘੱਟੋ-ਘੱਟ 9 ਹੋਰ ਮਹੀਨਿਆਂ ਤੱਕ ਰਹਿਣ ਦੀ ਆਸ ਹੋਵੇ। ਜੇ ਤੁਸੀਂ ਸਕਾਟਲੈਂਡ ਵਿੱਚ ਰਹਿ ਰਹੇ ਇੱਕ ਬਾਲਗ ਵਿਅਕਤੀ ਹੋ, ਤਾਂ ਉੱਥੇ ਨਿੱਜੀ ਸੁਤੰਤਰਤਾ ਭੁਗਤਾਨ (Personal Independence Payment) ਨੂੰ ਬਾਲਗ ਅਪਾਹਜਤਾ ਭੁਗਤਾਨ (Adult Disability Payment) ਦੇ ਨਾਲ ਬਦਲ ਦਿੱਤਾ ਗਿਆ ਹੈ।
- **ਹਾਜ਼ਰੀ ਭੱਤਾ (Attendance Allowance)** ਸਟੇਟ ਪੈਨਸ਼ਨ ਦੀ ਉਮਰ ਵਾਲੇ ਜਾਂ ਉਸ ਤੋਂ ਵੱਧ ਉਮਰ ਦੇ ਲੋਕਾਂ ਲਈ ਹੁੰਦਾ ਹੈ। ਇਹ ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜਿਨ੍ਹਾਂ ਨੂੰ ਆਪਣੀ ਖੁਦ ਦੀ ਦੇਖਭਾਲ ਕਰਨ ਵਿੱਚ ਮੁਸ਼ਕਲਾਂ ਆਉਂਦੀਆਂ ਹਨ। ਇਹ ਬਿਮਾਰੀ ਜਾਂ ਅਪਾਹਜਤਾ ਕਾਰਨ ਹੋ ਸਕਦਾ ਹੈ। ਮਿਸਾਲ ਦੇ ਤੌਰ 'ਤੇ, ਤੁਹਾਨੂੰ ਬਿਸਤਰੇ ਤੋਂ ਉੱਠਣ, ਨਹਾਉਣ ਜਾਂ ਖੁਦ ਕਪੜੇ ਪਾਉਣ ਵਰਗੇ ਕੰਮਾਂ ਵਿੱਚ ਮਦਦ ਦੀ ਲੋੜ ਹੋ ਸਕਦੀ ਹੈ। ਇਹ ਜ਼ਰੂਰੀ ਹੈ ਕਿ ਤੁਹਾਨੂੰ ਇਸ ਮਦਦ ਦੀ ਲੋੜ ਘੱਟੋ-ਘੱਟ 6 ਮਹੀਨਿਆਂ ਲਈ ਪਈ ਹੋਵੇ।

ਜੇ ਤੁਹਾਡਾ ਕੈਂਸਰ ਠੀਕ ਨਹੀਂ ਹੋ ਸਕਦਾ ਹੈ, ਤਾਂ ਤੁਸੀਂ ਖਾਸ ਨਿਯਮਾਂ ਦੇ ਤਹਿਤ ਨਿੱਜੀ ਸੁਤੰਤਰਤਾ ਭੁਗਤਾਨ ਜਾਂ ਹਾਜ਼ਰੀ ਭੱਤਾ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਇਨ੍ਹਾਂ ਨਿਯਮਾਂ ਦਾ ਮਤਲਬ ਹੈ ਕਿ ਤੁਹਾਨੂੰ ਇਹ ਬੈਨਿਫ਼ਿਟ ਛੇਤੀ ਅਤੇ ਵੱਧ ਤੋਂ ਵੱਧ ਰਕਮ ਨਾਲ ਮਿਲਣਗੇ। ਤੁਹਾਡਾ ਡਾਕਟਰ ਜਾਂ ਨਰਸ ਇਸ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

## ਜੇ ਤੁਸੀਂ ਕੰਮ ਨਹੀਂ ਕਰ ਸਕਦੇ ਹੋ ਜਾਂ ਤੁਹਾਡੀ ਆਮਦਨੀ ਘੱਟ ਹੈ

- **ਕਨੂੰਨੀ ਬਿਮਾਰੀ ਭੁਗਤਾਨ (Statutory Sick Pay)** ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜਿਨ੍ਹਾਂ ਨੂੰ ਬੀਮਾਰ ਹੋਣ ਕਰਕੇ ਆਪਣੀ ਨੌਕਰੀ ਤੋਂ ਛੁੱਟੀ ਲੈਣ ਦੀ ਲੋੜ ਪੈਂਦੀ ਹੈ। ਜੇ ਤੁਸੀਂ ਇਸਦੇ ਲਈ ਯੋਗ ਠਹਿਰਾਏ ਜਾਂਦੇ ਹੋ ਤਾਂ ਤੁਹਾਡੇ ਐਂਪਲੌਇਅਰ ਨੂੰ ਲਾਜ਼ਮੀ ਤੌਰ 'ਤੇ ਹਰ ਹਫ਼ਤੇ ਤੁਹਾਨੂੰ ਇਸਦਾ ਭੁਗਤਾਨ ਕਰਨਾ ਪਏਗਾ। ਉਹ ਇਸਦਾ ਭੁਗਤਾਨ ਬਿਮਾਰੀ ਦੇ 28 ਹਫ਼ਤਿਆਂ ਤੱਕ ਕਰਨਗੇ।
- **ਰੁਜ਼ਗਾਰ ਅਤੇ ਸਹਾਇਤਾ ਭੱਤਾ (Employment and Support Allowance)** ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜੋ ਸਟੇਟ ਪੈਨਸ਼ਨ ਉਮਰ ਦੇ ਅਧੀਨ ਆਉਂਦੇ ਹਨ ਅਤੇ ਜੋ ਕਿਸੇ ਬੀਮਾਰੀ ਜਾਂ ਅਪਾਹਜਤਾ ਕਰਕੇ ਆਪਣੀ ਯੋਗਤਾ ਅਨੁਸਾਰ ਕੰਮ ਨਹੀਂ ਕਰ ਸਕਦੇ। ਜੇ ਤੁਸੀਂ ਕੰਮ ਨਹੀਂ ਕਰ ਸਕਦੇ ਹੋ ਜਾਂ ਬਹੁਤ ਥੋੜ੍ਹਾ ਕੰਮ ਕਰ ਸਕਦੇ ਹੋ ਤਾਂ ਹੋ ਸਕਦਾ ਹੈ ਕਿ ਤੁਸੀਂ ਇਸ ਲਾਭ ਨੂੰ ਪ੍ਰਾਪਤ ਕਰਨ ਦੇ ਯੋਗ ਹੋਵੋ।
- ਜੇ ਤੁਸੀਂ ਜ਼ਿਆਦਾ ਪੈਸਾ ਨਹੀਂ ਕਮਾਉਂਦੇ ਹੋ ਜਾਂ ਕੰਮ ਨਹੀਂ ਕਰ ਸਕਦੇ ਹੋ, ਤਾਂ ਤੁਸੀਂ **ਯੂਨੀਵਰਸਲ ਕ੍ਰੈਡਿਟ (Universal Credit)** ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਸੀਂ ਕਿੱਥੇ ਰਹਿੰਦੇ ਹੋ। ਕਲੇਮ ਕਰਨ ਦਾ ਤਰੀਕਾ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਸੀਂ ਕਿੱਥੇ ਰਹਿੰਦੇ ਹੋ। ਜੇ ਤੁਸੀਂ ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਦੇ ਰਹਿਣ ਵਾਲੇ ਹੋ ਤਾਂ **gov.uk/universal-credit** 'ਤੇ ਜਾਓ, ਜੇ ਤੁਸੀਂ ਉੱਤਰੀ ਆਇਰਲੈਂਡ ਦੇ ਰਹਿਣ ਵਾਲੇ ਹੋ ਤਾਂ **nidirect.gov.uk/universal-credit** 'ਤੇ ਜਾਓ

## ਜੇ ਤੁਸੀਂ ਕੈਂਸਰ ਪੀੜਤ ਕਿਸੇ ਵਿਅਕਤੀ ਦੀ ਦੇਖਭਾਲ ਕਰਦੇ ਹੋ

- **ਦੇਖਭਾਲਕਰਤਾ ਦਾ ਭੱਤਾ (Carer's Allowance)** ਉਹਨਾਂ ਲੋਕਾਂ ਲਈ ਹੁੰਦਾ ਹੈ ਜੋ ਬਹੁਤ ਜ਼ਿਆਦਾ ਦੇਖਭਾਲ ਦੀ ਲੋੜ ਵਾਲੇ ਕਿਸੇ ਵਿਅਕਤੀ ਦੀ ਦੇਖਭਾਲ ਕਰ ਰਹੇ ਹਨ। ਇਹ ਜ਼ਰੂਰੀ ਹੈ ਕਿ ਤੁਹਾਡੀ ਉਮਰ 16 ਸਾਲ ਜਾਂ ਇਸ ਤੋਂ ਵੱਧ ਹੋਵੇ। ਇਹ ਜ਼ਰੂਰੀ ਹੈ ਕਿ ਤੁਸੀਂ ਇੱਕ ਹਫ਼ਤੇ ਵਿੱਚ ਘੱਟੋ-ਘੱਟ 35 ਘੰਟਿਆਂ ਲਈ ਉਸ ਵਿਅਕਤੀ ਦੀ ਦੇਖਭਾਲ ਕਰਦੇ ਹੋਵੋ। ਤੁਹਾਡਾ ਉਸ ਵਿਅਕਤੀ ਦੇ ਨਾਲ ਕੋਈ ਸਬੰਧ ਹੋਣਾ ਜਾਂ ਉਸਦੇ ਨਾਲ ਰਹਿੰਦੇ ਹੋਣਾ ਜ਼ਰੂਰੀ ਨਹੀਂ ਹੈ। ਤੁਸੀਂ ਇਹ ਬੈਨਿਫ਼ਿਟ ਉਦੋਂ ਵੀ ਪ੍ਰਾਪਤ ਕਰ ਸਕਦੇ ਹੋ ਜੇ ਤੁਸੀਂ ਕੋਈ ਵੇਤਨਕ ਕੰਮ ਕਰਦੇ ਹੋ।
- **ਦੇਖਭਾਲਕਰਤਾ ਦਾ ਕ੍ਰੈਡਿਟ (Carer's Credit)** ਵਿੱਚ ਤੁਹਾਨੂੰ ਕੋਈ ਪੈਸੇ ਨਹੀਂ ਦਿੱਤੇ ਜਾਂਦੇ। ਪਰ ਇਹ ਜੀਵਨ ਵਿੱਚ ਅੱਗੇ ਜਾ ਕੇ ਤੁਹਾਡੇ ਸਟੇਟ ਪੈਨਸ਼ਨ ਦੇ ਅਧਿਕਾਰ ਦੀ ਸੁਰੱਖਿਆ ਕਰਨ ਵਿੱਚ ਮਦਦ ਕਰਦਾ ਹੈ। ਇਸਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਤੁਸੀਂ ਘੱਟੋ-ਘੱਟ ਇੱਕ ਵਿਅਕਤੀ ਦੀ ਹਫ਼ਤੇ ਵਿੱਚ 20 ਘੰਟੇ ਜਾਂ ਇਸ ਤੋਂ ਵੱਧ ਸਮੇਂ ਲਈ ਦੇਖਭਾਲ ਕਰਦੇ ਹੋਵੋ।

## ਰਿਹਾਇਸ਼ ਦੀਆਂ ਲਾਗਤਾਂ ਵਿੱਚ ਮਦਦ

- **ਜੇ ਤੁਹਾਡੀ ਆਮਦਨੀ ਘੱਟ ਹੈ ਤਾਂ ਹਾਊਸਿੰਗ ਬੈਨਿਫ਼ਿਟ (Housing benefit)** ਤੁਹਾਡਾ ਕਿਰਾਇਆ ਭਰਨ ਵਿੱਚ ਤੁਹਾਡੀ ਮਦਦ ਕਰਦਾ ਹੈ। ਤੁਹਾਡੇ ਦੁਆਰਾ ਪ੍ਰਾਪਤ ਕੀਤੀ ਜਾਣ ਵਾਲੀ ਰਕਮ ਤੁਹਾਡੇ ਰਹਿਣ ਦੇ ਸਥਾਨ, ਤੁਹਾਡੀ ਉਮਰ ਅਤੇ ਤੁਹਾਡੇ ਘਰ ਵਿੱਚ ਬੈੱਡਰੂਮਾਂ ਦੀ ਸੰਖਿਆ 'ਤੇ ਨਿਰਭਰ ਕਰਦੀ ਹੈ। ਬਹੁਤੇ ਮਾਮਲਿਆਂ ਵਿੱਚ ਯੂਨੀਵਰਸਲ ਕ੍ਰੈਡਿਟ (UC) ਨੇ ਹਾਉਸਿੰਗ ਬੈਨਿਫ਼ਿਟ ਦੀ ਥਾਂ ਲੈ ਲਈ ਹੈ।
- ਜੇ ਤੁਸੀਂ**ਯੂਨੀਵਰਸਲ ਕ੍ਰੈਡਿਟ (Universal Credit)** ਪ੍ਰਾਪਤ ਕਰਨ ਦੇ ਯੋਗ ਹੋ ਤਾਂ ਤੁਸੀਂ ਆਪਣੇ ਕਿਰਾਏ ਜਾਂ ਰਿਹਾਇਸ਼ ਸਬੰਧੀ ਹੋਰਨਾਂ ਲਾਗਤਾਂ ਵਿੱਚ ਮਦਦ ਲਈ ਭੁਗਤਾਨ ਪ੍ਰਾਪਤ ਕਰਨ ਦੇ ਯੋਗ ਵੀ ਹੋ ਸਕਦੇ ਹੋ।

## ਜੇ ਤੁਹਾਡੀ ਪੈਨਸ਼ਨ ਵਾਲੀ ਉਮਰ ਹੈ

- **ਸਟੇਟ ਪੈਨਸ਼ਨ (State Pension)** ਇੱਕ ਹਫ਼ਤਾਵਾਰ ਭੁਗਤਾਨ ਹੁੰਦਾ ਹੈ ਜੋ ਤੁਸੀਂ ਸਰਕਾਰ ਤੋਂ ਉਦੋਂ ਪ੍ਰਾਪਤ ਕਰ ਸਕਦੇ ਹੋ ਜਦੋਂ ਤੁਸੀਂ ਇੱਕ ਨਿਸ਼ਚਿਤ ਉਮਰ ਦੇ ਹੋ ਜਾਂਦੇ ਹੋ। ਇਹ ਉਮਰ ਤੁਹਾਡੀ ਜਨਮ ਤਾਰੀਖ਼ 'ਤੇ ਨਿਰਭਰ ਕਰਦੀ ਹੈ। ਤੁਸੀਂ **gov.uk/state-pension-age** 'ਤੇ ਆਪਣੀ ਸਟੇਟ ਪੈਨਸ਼ਨ ਦੀ ਉਮਰ ਦਾ ਪਤਾ ਲਗਾ ਸਕਦੇ ਹੋ।
- **ਪੈਨਸ਼ਨ ਕ੍ਰੈਡਿਟ (Pension Credit)** ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜੋ ਸਟੇਟ ਪੈਨਸ਼ਨ ਦੀ ਉਮਰ ਤੱਕ ਪਹੁੰਚ ਗਏ ਹਨ ਅਤੇ ਜਿਨ੍ਹਾਂ ਦੀ ਆਮਦਨੀ ਘੱਟ ਹੈ। ਇਹ ਤੁਹਾਡੀ ਸਟੇਟ ਪੈਨਸ਼ਨ ਤੋਂ ਇਲਾਵਾ ਤੁਹਾਨੂੰ ਵਾਧੂ ਰਕਮ ਦਿੰਦਾ ਹੈ।

## ਅੱਗੇ ਕੀ ਕਰਨਾ ਹੈ

ਇਸ ਜਾਣਕਾਰੀ ਵਿੱਚ, ਅਸੀਂ ਸਿਰਫ ਅਜਿਹੇ ਕੁਝ ਬੈਨਿਫ਼ਿਟਸ (ਲਾਭਾਂ) ਦੀ ਚਰਚਾ ਕੀਤੀ ਹੈ ਜੋ ਉਪਲਬਧ ਹਨ। ਤੁਸੀਂ ਇਸ ਗੱਲ ਦਾ ਪਤਾ ਲਗਾਉਣ ਲਈ ਕਿ ਤੁਸੀਂ ਕਿਸੇ ਹੋਰ ਬੈਨਿਫ਼ਿਟ ਲਈ ਕਲੇਮ ਕਰ ਸਕਦੇ ਹੋ ਜਾਂ ਨਹੀਂ, ਸਾਡੇ ਭਲਾਈ ਅਧਿਕਾਰਾਂ ਬਾਰੇ ਸਲਾਹਕਾਰਾਂ (welfare rights advisers) ਵਿੱਚੋਂ ਕਿਸੇ ਨਾਲ ਗੱਲ ਕਰਨਾ ਵਧੀਆ ਵਿਚਾਰ ਹੈ। ਤੁਸੀਂ ਸਾਨੂੰ **0808 808 00 00** 'ਤੇ ਮੁਫ਼ਤ ਕਾਲ ਕਰ ਸਕਦੇ ਹੋ। ਅਸੀਂ ਇਸ ਬਾਰੇ ਤੁਹਾਨੂੰ ਹੋਰ ਜਾਣਕਾਰੀ ਦੇ ਸਕਦੇ ਹਾਂ ਕਿ ਤੁਸੀਂ ਕਿਹੜੇ ਬੈਨਿਫ਼ਿਟਸ ਲਈ ਕਲੇਮ ਕਰਨ ਯੋਗ ਹੋ ਸਕਦੇ ਹੋ। ਅਸੀਂ ਤੁਹਾਡੀ ਅਰਜ਼ੀ ਦੇਣ ਵਿੱਚ ਵੀ ਮਦਦ ਕਰ ਸਕਦੇ ਹਾਂ।

ਤੁਸੀਂ ਆਨਲਾਈਨ ਬੈਨਿਫ਼ਿਟਸ ਲਈ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਅਤੇ ਅਰਜ਼ੀ ਦੇ ਸਕਦੇ ਹੋ। ਇੱਥੇ ਜਾਓ:

- **gov.uk** ਜੇ ਤੁਸੀਂ ਇੰਗਲੈਂਡ, ਸਕਾਟਲੈਂਡ ਜਾਂ ਵੇਲਸ ਵਿੱਚ ਰਹਿੰਦੇ ਹੋ
- **nidirect.gov.uk** ਜੇ ਤੁਸੀਂ ਉੱਤਰੀ ਆਇਰਲੈਂਡ ਵਿੱਚ ਰਹਿੰਦੇ ਹੋ।

## ਤੁਹਾਡੇ ਲਈ ਸਹੀ ਦੇਖਭਾਲ ਅਤੇ ਸਹਿਯੋਗ ਪ੍ਰਾਪਤ ਕਰਨਾ

ਜੇ ਤੁਹਾਨੂੰ ਕੈਂਸਰ ਹੈ ਅਤੇ ਤੁਸੀਂ ਅੰਗ੍ਰੇਜ਼ੀ ਨਹੀਂ ਬੋਲਦੇ ਹੋ, ਤਾਂ ਤੁਹਾਨੂੰ ਸ਼ਾਇਦ ਇਹ ਚਿੰਤਾ ਹੋ ਸਕਦੀ ਹੈ ਕਿ ਇਸ ਨਾਲ ਤੁਹਾਡੇ ਕੈਂਸਰ ਦੇ ਇਲਾਜ ਅਤੇ ਦੇਖਭਾਲ 'ਤੇ ਅਸਰ ਪਵੇਗਾ। ਪਰ ਤੁਹਾਡੀ ਹੈਲਥਕੇਅਰ ਟੀਮ ਨੂੰ ਤੁਹਾਡੀਆਂ ਲੋੜਾਂ ਦੀ ਪੂਰਤੀ ਕਰਨ ਵਾਲੀ ਦੇਖਭਾਲ, ਸਹਿਯੋਗ ਅਤੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ।

ਸਾਨੂੰ ਪਤਾ ਹੈ ਕਿ ਕਈ ਵਾਰ ਲੋਕਾਂ ਨੂੰ ਸ਼ਾਇਦ ਸਹੀ ਸਹਿਯੋਗ ਪ੍ਰਾਪਤ ਕਰਨ ਵਿੱਚ ਵਾਧੂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਦਾਹਰਣ ਵਜੋਂ, ਜੇ ਤੁਸੀਂ ਕੰਮ ਕਰਦੇ ਹੋ ਜਾਂ ਤੁਹਾਡਾ ਪਰਿਵਾਰ ਹੈ ਤਾਂ ਹਸਪਤਾਲ ਦੀਆਂ ਅਪੌਇੰਟਮੈਂਟਾਂ 'ਤੇ ਜਾਣ ਵਾਸਤੇ ਸਮਾਂ ਕੱਢਣਾ ਔਖਾ ਹੋ ਸਕਦਾ ਹੈ। ਹੋ ਸਕਦਾ ਹੈ ਕਿ ਤੁਹਾਨੂੰ ਪੈਸੇ ਅਤੇ ਆਉਣ-ਜਾਣ ਦੇ ਖਰਚਿਆਂ ਬਾਰੇ ਵੀ ਚਿੰਤਾਵਾਂ ਹੋਣ। ਇਹ ਸਭ ਕੁਝ ਤਣਾਅ ਭਰਿਆ ਅਤੇ ਮੁਕਾਬਲਾ ਕਰਨ ਵਿੱਚ ਔਖਾ ਹੋ ਸਕਦਾ ਹੈ।

ਅਸੀਂ ਕੈਂਸਰ ਮਰੀਜ਼ਾਂ ਨੂੰ ਮੈਕਮਿਲਨ ਗ੍ਰਾਂਟਾਂ (Macmillan Grants) ਦੀ ਪੇਸ਼ਕਸ਼ ਵੀ ਕਰਦੇ ਹਾਂ। ਇਹ ਇਕਮੁਸ਼ਤ ਭੁਗਤਾਨ ਹੁੰਦੇ ਹਨ ਜਿਹਨਾਂ ਦਾ ਇਸਤੇਮਾਲ ਹਸਪਤਾਲ ਦੀ ਪਾਰਕਿੰਗ, ਸਫ਼ਰ ਦੇ ਖਰਚਿਆਂ, ਚਾਈਲਡ-ਕੇਅਰ ਜਾਂ ਹੀਟਿੰਗ ਦੇ ਬਿੱਲਾਂ ਵਰਗੀਆਂ ਚੀਜ਼ਾਂ ਲਈ ਕੀਤਾ ਜਾ ਸਕਦਾ ਹੈ।

ਸਾਡੀ ਮੁਫ਼ਤ ਸਪੋਰਟ ਲਾਈਨ 0808 808 00 00 ਤੁਹਾਡੀ ਸਥਿਤੀ ਬਾਰੇ, ਤੁਹਾਡੀ ਭਾਸ਼ਾ ਵਿੱਚ, ਸਲਾਹ ਪ੍ਰਦਾਨ ਕਰ ਸਕਦੀ ਹੈ। ਤੁਸੀਂ ਨਰਸਾਂ, ਫ਼ਾਇਨੈਂਸ਼ਿਅਲ ਗਾਈਡਾਂ, ਭਲਾਈ ਅਧਿਕਾਰਾਂ ਬਾਰੇ ਸਲਾਹਕਾਰਾਂ (welfare rights advisers) ਅਤੇ ਕੰਮ ਵਿੱਚ ਸਹਿਯੋਗ ਬਾਰੇ ਸਲਾਹਕਾਰਾਂ (work support advisers) ਨਾਲ ਗੱਲ ਕਰ ਸਕਦੇ ਹੋ।

# ਮੈਕਮਿਲਨ (Macmillan) ਤੁਹਾਡੀ ਮਦਦ ਕਿਵੇਂ ਕਰ ਸਕਦੀ ਹੈ

ਮੈਕਮਿਲਨ (Macmillan) ਵਿਖੇ, ਸਾਨੂੰ ਇਹ ਪਤਾ ਹੈ ਕਿ ਕੈਂਸਰ ਰੋਗ ਦੀ ਪਛਾਣ ਕਿਸ ਤਰ੍ਹਾਂ ਹਰ ਚੀਜ਼ 'ਤੇ ਅਸਰ ਪਾ ਸਕਦੀ ਹੈ, ਅਤੇ ਅਸੀਂ ਤੁਹਾਡੀ ਸਹਾਇਤਾ ਲਈ ਇੱਥੇ ਮੌਜੂਦ ਹਾਂ।

**ਮੈਕਮਿਲਨ ਸਪੋਰਟ ਲਾਈਨ (Macmillan Support Line)**
ਸਾਡੇ ਕੋਲ ਦੁਭਾਸ਼ੀਏ ਹਨ, ਇਸ ਲਈ ਤੁਸੀਂ ਸਾਡੇ ਨਾਲ ਆਪਣੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ। ਸਿਰਫ ਸਾਨੂੰ ਅੰਗ੍ਰੇਜ਼ੀ ਵਿੱਚ ਉਸ ਭਾਸ਼ਾ ਦਾ ਨਾਮ ਦੱਸੋ ਜੋ ਤੁਸੀਂ ਵਰਤਣਾ ਚਾਹੁੰਦੇ ਹੋ। ਅਸੀਂ ਡਾਕਟਰੀ ਸਵਾਲਾਂ ਵਿੱਚ ਮਦਦ ਕਰ ਸਕਦੇ ਹਾਂ, ਮਾਲੀ ਸਹਾਇਤਾ ਬਾਰੇ ਤੁਹਾਨੂੰ ਜਾਣਕਾਰੀ ਦੇ ਸਕਦੇ ਹਾਂ, ਜਾਂ ਜੇ ਤੁਹਾਨੂੰ ਕਿਸੇ ਅਜਿਹੇ ਵਿਅਕਤੀ ਦੀ ਲੋੜ ਹੈ ਜਿਸ ਨਾਲ ਤੁਸੀਂ ਗੱਲ ਕਰ ਸਕੋ ਤਾਂ ਉਸਦੇ ਲਈ ਅਸੀਂ ਮੌਜੂਦ ਹਾਂ। ਇਹ ਮੁਫ਼ਤ, ਗੁਪਤ ਫ਼ੋਨ ਲਾਈਨ ਹਫ਼ਤੇ ਦੇ 7 ਦਿਨ, ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ।
ਸਾਨੂੰ **0808 808 00 00** 'ਤੇ ਕਾਲ ਕਰੋ।

**ਮੈਕਮਿਲਨ (Macmillan) ਵੈੱਬਸਾਈਟ**
ਸਾਡੀ ਵੈੱਬਸਾਈਟ 'ਤੇ ਅੰਗ੍ਰੇਜ਼ੀ ਵਿੱਚ ਕੈਂਸਰ ਬਾਰੇ ਬਹੁਤ ਸਾਰੀ ਜਾਣਕਾਰੀ ਮੌਜੂਦ ਹੈ।
**macmillan.org.uk/translations** 'ਤੇ ਹੋਰਨਾਂ ਭਾਸ਼ਾਵਾਂ ਵਿੱਚ ਵੀ ਵਧੇਰੇ ਜਾਣਕਾਰੀ ਉਪਲਬਧ ਹੈ।

ਅਸੀਂ ਸਿਰਫ਼ ਤੁਹਾਡੇ ਲਈ ਵੀ ਅਨੁਵਾਦਾਂ ਦਾ ਪ੍ਰਬੰਧ ਕਰ ਸਕਦੇ ਹਾਂ। ਸਾਨੂੰ **cancerinformationteam@macmillan.org.uk** 'ਤੇ ਈਮੇਲ ਕਰਕੇ ਦੱਸੋ ਕਿ ਤੁਹਾਨੂੰ ਕੀ ਚਾਹੀਦਾ ਹੈ।

**ਸੂਚਨਾ ਕੇਂਦਰ**
ਸਾਡੇ ਸੂਚਨਾ ਅਤੇ ਸਹਿਯੋਗ ਕੇਂਦਰ ਹਸਪਤਾਲਾਂ, ਲਾਇਬ੍ਰੇਰੀਆਂ ਅਤੇ ਕਮਿਊਨਿਟੀ ਸੈਂਟਰਾਂ ਵਿੱਚ ਸਥਿਤ ਹਨ। ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਲਈ ਇਹਨਾਂ ਵਿੱਚੋਂ ਕਿਸੇ ਵੀ ਕੇਂਦਰ ਵਿਖੇ ਜਾਓ ਅਤੇ ਕਿਸੇ ਨਾਲ ਆਹਮੋ-ਸਾਹਮਣੇ ਗੱਲ ਕਰੋ। ਆਪਣਾ ਸਭ ਤੋਂ ਨੇੜਲਾ ਸੈਂਟਰ **macmillan.org.uk/informationcentres** ਤੋਂ ਲੱਭੋ ਜਾਂ ਸਾਨੂੰ **0808 808 00 00** 'ਤੇ ਕਾਲ ਕਰੋ।

**ਸਥਾਨਕ ਸਪੋਰਟ ਗਰੁੱਪ**
ਸਪੋਰਟ ਗਰੁੱਪ ਵਿਖੇ, ਤੁਸੀਂ ਕੈਂਸਰ ਤੋਂ ਪ੍ਰਭਾਵਤ ਹੋਰਨਾਂ ਲੋਕਾਂ ਨਾਲ ਗੱਲ ਕਰ ਸਕਦੇ ਹੋ। ਆਪਣੇ ਇਲਾਕੇ ਵਿਚਲੇ ਸਪੋਰਟ ਗਰੁੱਪਾਂ ਬਾਰੇ **macmillan.org.uk/supportgroups** ਤੋਂ ਪਤਾ ਲਗਾਓ ਜਾਂ ਸਾਨੂੰ **0808 808 00 00** 'ਤੇ ਕਾਲ ਕਰੋ।

**ਮੈਕਮਿਲਨ ਆਨਲਾਈਨ ਕਮਿਊਨਿਟੀ**
ਤੁਸੀਂ ਕੈਂਸਰ ਤੋਂ ਪ੍ਰਭਾਵਤ ਹੋਏ ਹੋਰਨਾਂ ਲੋਕਾਂ ਨਾਲ **macmillan.org.uk/community** 'ਤੇ ਆਨਲਾਈਨ ਵੀ ਗੱਲ ਕਰ ਸਕਦੇ ਹੋ, ਤੁਸੀਂ ਇਸਨੂੰ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਐਕਸੈਸ ਕਰ ਸਕਦੇ ਹੋ। ਤੁਸੀਂ ਆਪਣੇ ਅਨੁਭਵ ਸਾਂਝੇ ਕਰ ਸਕਦੇ ਹੋ, ਸਵਾਲ ਪੁੱਛ ਸਕਦੇ ਹੋ, ਜਾਂ ਬਸ ਲੋਕਾਂ ਦੀਆਂ ਪੋਸਟਾਂ ਪੜ੍ਹ ਸਕਦੇ ਹੋ।

## ਤੁਹਾਡੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ

ਸਾਡੇ ਕੋਲ ਇਨ੍ਹਾਂ ਵਿਸ਼ਿਆਂ ਬਾਰੇ ਤੁਹਾਡੀ ਭਾਸ਼ਾ ਵਿੱਚ ਜਾਣਕਾਰੀ ਉਪਲਬਧ ਹੈ:

- ਕੈਂਸਰ ਨਾਲ ਨਜਿੱਠਣਾ
- ਕੈਂਸਰ ਅਤੇ ਕੋਰੋਨਾਵਾਇਰਸ
- ਯੂਕੇ ਵਿੱਚ ਕੈਂਸਰ ਦੀ ਦੇਖਭਾਲ
- ਤੁਹਾਨੂੰ ਕੈਂਸਰ ਹੋਣ 'ਤੇ ਬੈਨਿਫ਼ਿਟਸ (ਲਾਭਾਂ) ਲਈ ਕਲੇਮ ਕਰਨਾ
- ਖਾਣ-ਪੀਣ ਸਬੰਧੀ ਸਮੱਸਿਆਵਾਂ ਅਤੇ ਕੈਂਸਰ
- ਜੀਵਨ ਦਾ ਅੰਤ ਸਮਾਂ
- ਰਫ਼ਿਊਜੀਆਂ ਅਤੇ ਸ਼ਰਣ ਮੰਗਣ ਵਾਲੇ ਲੋਕਾਂ ਲਈ ਹੈਲਥਕੇਅਰ
- ਸਿਹਤਮੰਦ ਭੋਜਨ ਖਾਣਾ
- ਕੈਂਸਰ ਹੋਣ 'ਤੇ ਖਰਚਿਆਂ ਵਿੱਚ ਸਹਾਇਤਾ
- ਜੇ ਤੁਹਾਡੇ ਵਿੱਚ ਕੈਂਸਰ ਰੋਗ ਦੀ ਪਛਾਣ ਹੁੰਦੀ ਹੈ
- LGBTQ+ ਲੋਕ ਅਤੇ ਕੈਂਸਰ
- ਸੈਪਸਿਸ ਅਤੇ ਕੈਂਸਰ
- ਕੈਂਸਰ ਦੇ ਇਲਾਜ ਦੇ ਮਾੜੇ ਪ੍ਰਭਾਵ
- ਥਕਾਵਟ (ਥਕੇਵਾਂ) ਅਤੇ ਕੈਂਸਰ

**ਕੈਂਸਰ ਦੀਆਂ ਕਿਸਮਾਂ**

- ਛਾਤੀ ਦਾ ਕੈਂਸਰ
- ਸਰਵਾਈਕਲ ਕੈਂਸਰ
- ਵੱਡੀ ਅੰਤੜੀ ਦਾ ਕੈਂਸਰ
- ਫੇਫੜੇ ਦਾ ਕੈਂਸਰ
- ਪ੍ਰੋਸਟੇਟ ਕੈਂਸਰ

**ਇਲਾਜ**

- ਕੀਮੋਥੈਰੇਪੀ
- ਰੇਡੀਓਥੈਰੇਪੀ
- ਸਰਜਰੀ

ਇਸ ਜਾਣਕਾਰੀ ਨੂੰ ਦੇਖਣ ਲਈ, ਇੱਥੇ ਜਾਓ **macmillan.org.uk/translations**

## ਹਵਾਲੇ ਅਤੇ ਧੰਨਵਾਦ

ਇਸ ਜਾਣਕਾਰੀ ਨੂੰ ਮੈਕਮਿਲਨ ਕੈਂਸਰ ਸਪੋਰਟ (Macmillan Cancer Support) ਦੀ ਕੈਂਸਰ ਜਾਣਕਾਰੀ ਵਿਕਾਸ (Cancer Information Development) ਟੀਮ ਦੁਆਰਾ ਲਿਖਿਆ ਅਤੇ ਸੰਪਾਦਿਤ ਕੀਤਾ ਗਿਆ ਹੈ। ਮੈਕਮਿਲਨ ਕੈਂਸਰ ਸਪੋਰਟ (Macmillan Cancer Support) ਨੇ ਇਸ ਜਾਣਕਾਰੀ ਲਈ ਕਿਸੇ ਅਨੁਵਾਦ ਕੰਪਨੀ ਦੁਆਰਾ ਤੁਹਾਡੀ ਭਾਸ਼ਾ ਵਿੱਚ ਅਨੁਵਾਦ ਕਰਨ ਲਈ ਭੁਗਤਾਨ ਕੀਤਾ ਹੈ।

ਇਹ ਜਾਣਕਾਰੀ ਮੈਕਮਿਲਨ (Macmillan ) ਦੇ ਕਿਤਾਬਚੇ ਕੈਂਸਰ ਦੇ ਖਰਚੇ ਵਿੱਚ ਮਦਦ (Help with the cost of cancer) ਉੱਤੇ ਅਧਾਰਤ ਹੈ।

ਇਸ ਜਾਣਕਾਰੀ ਦੀ ਸਮੀਖਿਆ ਸਬੰਧਤ ਮਾਹਰਾਂ ਦੁਆਰਾ ਕੀਤੀ ਗਈ ਹੈ ਅਤੇ ਇਸਨੂੰ ਮੈਕਮਿਲਨ ਭਲਾਈ ਅਧਿਕਾਰਾਂ ਅਤੇ (Macmillan Welfare Rights) ਟੀਮ ਦੁਆਰਾ ਪ੍ਰਵਾਨਗੀ ਦਿੱਤੀ ਗਈ ਹੈ।

ਕੈਂਸਰ ਤੋਂ ਪ੍ਰਭਾਵਿਤ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਜਿਨ੍ਹਾਂ ਨੇ ਇਸ ਸੰਸਕਰਣ ਦੀ ਸਮੀਖਿਆ ਕੀਤੀ।

ਸਾਡੀ ਸਾਰੀ ਜਾਣਕਾਰੀ, ਬਿਹਤਰੀਨ ਉਪਲਬਧ ਸਬੂਤਾਂ ਉੱਤੇ ਅਧਾਰਤ ਹੈ। ਸਾਡੇ ਦੁਆਰਾ ਵਰਤੇ ਜਾਂਦੇ ਸਰੋਤਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਇੱਥੇ ਸੰਪਰਕ ਕਰੋ **cancerinformationteam@macmillan.org.uk**

**ਸਮੱਗਰੀ ਦੀ ਸਮੀਖਿਆ ਕੀਤੀ ਗਈ: 2022 ਅਗਲੀ ਯੋਜਨਾਬੱਧ ਸਮੀਖਿਆ: 2025**

MAC15139_ Punjabi

ਅਸੀਂ ਇਹ ਯਕੀਨੀ ਬਣਾਉਣ ਲਈ ਹਰ ਕੋਸ਼ਿਸ਼ ਕਰਦੇ ਹਾਂ ਕਿ ਅਸੀਂ ਬਿਲਕੁਲ ਦਰੁਸਤ ਅਤੇ ਤਾਜ਼ਾ ਜਾਣਕਾਰੀ ਪ੍ਰਦਾਨ ਕਰੀਏ ਪਰ ਇਸ ਉੱਤੇ ਤੁਹਾਡੀ ਸਥਿਤੀ ਦੇ ਮੁਤਾਬਕ ਢੁਕਵੀਂ ਵਿਸ਼ੇਸ਼ ਪੇਸ਼ੇਵਰ ਸਲਾਹ ਦੇ ਬਦਲ ਵਜੋਂ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ। ਜਿੱਥੋਂ ਤੱਕ ਕਨੂੰਨ ਦੁਆਰਾ ਇਜਾਜ਼ਤ ਹੁੰਦੀ ਹੈ, Macmillan ਇਸ ਪ੍ਰਕਾਸ਼ਨ ਵਿੱਚ ਸ਼ਾਮਲ ਕਿਸੇ ਵੀ ਜਾਣਕਾਰੀ, ਜਾਂ ਤੀਜੀ ਧਿਰ ਦੀ ਜਾਣਕਾਰੀ ਜਾਂ ਇਸ ਵਿੱਚ ਸ਼ਾਮਲ ਜਾਂ ਹਵਾਲਾ ਦਿੱਤੀਆਂ ਗਈਆਂ ਵੈੱਬਸਾਈਟਾਂ ਦੇ ਇਸਤੇਮਾਲ ਦੇ ਸਬੰਧ ਵਿੱਚ ਕਿਸੇ ਵੀ ਦੇਣਦਾਰੀ ਨੂੰ ਸਵੀਕਾਰ ਨਹੀਂ ਕਰਦੀ ਹੈ।

© Macmillan Cancer Support 2022, ਇੰਗਲੈਂਡ ਅਤੇ ਵੇਲਜ਼ (261017), ਸਕਾਟਲੈਂਡ (SC039907) ਅਤੇ ਆਇਲ ਆਫ਼ ਮੈਨ (604) ਵਿੱਚ ਰਜਿਸਟਰਡ ਚੈਰਿਟੀ ਹੈ। ਉੱਤਰੀ ਆਇਰਲੈਂਡ ਵਿੱਚ ਵੀ ਸੰਚਾਲਨ ਕਰਦੀ ਹੈ। ਗਰੰਟੀ ਦੁਆਰਾ ਇੱਕ ਸੀਮਤ ਕੰਪਨੀ, ਇੰਗਲੈਂਡ ਅਤੇ ਵੇਲਜ਼ ਵਿੱਚ ਰਜਿਸਟਰਡ ਕੰਪਨੀ ਨੰਬਰ 2400969. ਆਇਲ ਆਫ਼ ਮੈਨ ਕੰਪਨੀ ਨੰਬਰ 4694F. ਪੰਜੀਕ੍ਰਿਤ ਦਫ਼ਤਰ: 89 Albert Embankment, London SE1 7UQ. VAT ਨੰਬਰ: 668265007

Trusted Information Creator

Patient Information Forum

Claiming benefits when you have cancer: English

# Claiming benefits when you have cancer

This information is about claiming benefits when you have cancer.

If you have any questions about this information you can call Macmillan Cancer Support on **0808 808 00 00**, 7 days a week, 8am to 8pm. We have interpreters, so you can speak to us in your own language. When you call us, please tell us in English which language you need.

There is more cancer information in other languages at **macmillan.org.uk/translations**

## This information is about:

- What are benefits?
- If you were not born in the UK
- If you have care or mobility needs
- If you cannot work or have a low income
- If you look after someone with cancer
- Help with housing costs
- If you are of pension age
- What to do next
- How Macmillan can help
- More information in your language
- References and thanks

## What are benefits?

Benefits are payments from the government to people who need help with the cost of living. When you have cancer, you might be able to get benefits if you:

- are ill
- have a disability
- have a low income
- are looking after someone.

There are many different benefits. In this factsheet we explain some common ones.

## If you were not born in the UK

You may not be able to get some benefits if you:

- have come from another country to live or work in the UK
- are an asylum seeker.

The rules can be hard to understand and can depend on which country you and your family are from. You can call Macmillan on **0808 808 00 00** and speak to one of our welfare rights advisers for advice.

## If you have care or mobility needs

The benefits you can claim are different if you are above or below the State Pension age. This age depends on when you were born. You can find out your State Pension age at [gov.uk/state-pension-age](gov.uk/state-pension-age)

- **Personal Independence Payment** is for people aged 16 to State Pension age who have problems with daily living or moving around. You must have had these problems for at least 3 months. You must expect them to last for at least 9 months. If you are an adult living in Scotland, Personal Independence Payment has been replaced by Adult Disability Payment.
- **Attendance Allowance** is for people who are at or above State Pension age. It is for people who have problems looking after themselves. This can be because of an illness or disability. For example, you might need help with things like getting out of bed, having a bath or dressing yourself. You must have needed this help for at least 6 months.

If your cancer cannot be cured, you may be able to get Personal Independence Payment or Attendance Allowance under special rules. These rules mean you will get the benefit quickly and at the highest amount. Your doctor or nurse can help you with this.

## If you cannot work or have a low income

- **Statutory Sick Pay** is for people who need to take time off from their job because they are ill. If you qualify for this, your employer must pay it to you each week. They will pay it for up to 28 weeks of illness.
- **Employment and Support Allowance** is for people under State Pension age who have an illness or disability that affects how much they can work. You may be able to get this benefit if you cannot work or can only do a small amount of work.
- If you do not earn much money or cannot work, you may be able to get **Universal Credit**. This will depend on where you live. The way to make a claim will depend on where you live. If you live in England, Scotland and Wales, visit [gov.uk/universal-credit](gov.uk/universal-credit) If you live in Northern Ireland, visit [nidirect.gov.uk/universal-credit](nidirect.gov.uk/universal-credit)

## If you look after someone with cancer

- **Carer's Allowance** is for people looking after someone with a lot of care needs. You must be aged 16 or over. You must be caring for the person for at least 35 hours a week. You do not need to be related to them or living together. You can get this benefit even if you do some paid work.
- **Carer's Credit** does not give you any money. But it helps protect your right to a State Pension later in life. You must look after at least one person for 20 hours or more a week to get it.

## Help with housing costs

- **Housing Benefit** helps you to pay your rent if you have a low income. The amount you can get depends on where you live, your age and the number of bedrooms you have. Universal Credit (UC) has replaced Housing Benefit in most cases.
- If you are able to get **Universal Credit**, you might be able to get a payment to help with your rent or other housing costs.

## If you are of pension age

- **State Pension** is a weekly payment you can get from the government when you reach a certain age. This age depends on when you were born. You can find out your State Pension age at **gov.uk/state-pension-age**
- **Pension Credit** is for people who have reached State Pension age and have a low income. It gives you an extra amount on top of your State Pension.

## What to do next

In this information, we have only talked about some of the benefits that are available. It is a good idea to talk to one of our welfare rights advisers to see if you can claim any other benefits. You can call us free on **0808 808 00 00**. We can tell you more about which benefits you may be able to claim. We can also help you apply.

You can find more information and apply for benefits online. Visit:

- **gov.uk** if you live in England, Scotland or Wales
- **nidirect.gov.uk** if you live in Northern Ireland.

## Getting the right care and support for you

If you have cancer and do not speak English, you may be worried that this will affect your cancer treatment and care. But your healthcare team should offer you care, support and information that meets your needs.

We know that sometimes people may face extra challenges in getting the right support. For example, if you work or have a family it can be hard to find time to go to hospital appointments. You might also have worries about money and transport costs. All of this can be stressful and hard to cope with.

We also offer Macmillan Grants to people with cancer. These are one-off payments that can be used for things like hospital parking, travel costs, childcare or heating bills.

Our free support line 0808 808 00 00 can offer advice, in your language, about your situation. You can speak to nurses, financial guides, welfare rights advisers and work support advisers.

## How Macmillan can help you

At Macmillan, we know how a cancer diagnosis can affect everything, and we are here to support you.

**Macmillan Support Line**
We have interpreters, so you can speak to us in your language. Just tell us, in English, the language you want to use. We can help with medical questions, give you information about financial support, or be there to listen if you need someone to talk to. The free, confidential phone line is open 7 days a week, 8am to 8pm.
Call us on **0808 808 00 00**.

**Macmillan website**
Our website has lots of information in English about cancer. There is also more information in other languages at **macmillan.org.uk/translations**

We can also arrange translations just for you. Email us at **cancerinformationteam@macmillan.org.uk** to tell us what you need.

**Information centres**
Our information and support centres are based in hospitals, libraries and community centres. Visit one to get the information you need and speak with someone face to face. Find your nearest centre at **macmillan.org.uk/informationcentres** or call us on **0808 808 00 00**.

**Local support groups**
At a support group, you can talk to other people affected by cancer. Find out about support groups in your area at **macmillan.org.uk/supportgroups** or call us on **0808 808 00 00**.

**Macmillan Online Community**
You can also talk to other people affected by cancer online at **macmillan.org.uk/community** You can access it at any time of day or night. You can share your experiences, ask questions, or just read through people's posts.

## More information in your language

We have information in your language about these topics:

- Coping with cancer
- Cancer and coronavirus
- Cancer care in the UK
- Claiming benefits when you have cancer
- Eating problems and cancer
- End of life
- Healthcare for refugees and people seeking asylum
- Healthy eating
- Help with costs when you have cancer
- If you are diagnosed with cancer
- LGBTQ+ people and cancer
- Sepsis and cancer
- Side effects of cancer treatment
- Tiredness (fatigue) and cancer

**Types of cancer**

- Breast cancer
- Cervical cancer
- Large bowel cancer
- Lung cancer
- Prostate cancer

**Treatments**

- Chemotherapy
- Radiotherapy
- Surgery

To see this information, go to **macmillan.org.uk/translations**

## References and thanks

This information has been written and edited by Macmillan Cancer Support's Cancer Information Development team. Macmillan Cancer Support has paid for this information to be translated into your language by a translation company.

This information is based on the Macmillan booklet Help with the cost of cancer.

This information has been reviewed by relevant experts and approved by Macmillan's Welfare Rights and Team.

Thanks also to the people affected by cancer who reviewed this edition.

All our information is based on the best evidence available. For more information about the sources we use, please contact us at **cancerinformationteam@macmillan.org.uk**

**Content reviewed: 2022 Next planned review: 2025**

MAC15139_English

We make every effort to ensure that the information we provide is accurate and up-to-date but it should not be relied upon as a substitute for specialist professional advice tailored to your situation. So far as is permitted by law, Macmillan does not accept liability in relation to the use of any information contained in this publication or third party information or websites included or referred to in it.

© Macmillan Cancer Support 2022, registered charity in England and Wales (261017), Scotland (SC039907) and the Isle of Man (604). Also operating in Northern Ireland. A company limited by guarantee, registered in England and Wales company number 2400969. Isle of Man company number 4694F. Registered office: 89 Albert Embankment, London SE1 7UQ. VAT no: 668265007

Trusted Information Creator
Patient Information Forum